# TANDRUST PUNJAB:

# GHAR GHAR HARIYALI

# MISSION STARTS

पटियाला केसरी

# मोदी कालेज में 'तंदरुस्त पंजाब : घर-घर हरियाली' मुहिम का आगाज




*मोदी कालेज में 'तंदरुस्त पंजाब : घर-घर हरियाली' मुहिम का आगाज करने का दृश्य। (जोसन)*

पटियाला, 4 जुलाई (जोसन) : मुल्तानी मल्ल मोदी कालेज में जिला जंगलात विभाग की एक टीम और कालेज के ईको क्लब की तरफ से सांझे तौर पर अनेक परंपरागत और सदाबहार पौधे लगा कर 'तंदरुस्त पंजाब : घर-घर हरियाली' मुहिम की शुरूआत की गई। जंगलात विभाग की टीम का नेतृत्व जिला जंगलात अफसर जुगराज सिंह (एक्सटैंशन) कर रहे थे और इस टीम में रेंज अफसर अमनदीप कौर, ब्लाक अफसर बलिहार सिंह और फॉरेस्ट गाइड मनवीर कौर शामिल थे। इस मौके पर जंगलात अफसर ने बताया कि इस मुहिम के अंतर्गत पंजाब सरकार पंजाब को फिर से हरा भरा बनाने के लिए यत्नशील है।

इस मुहिम को लोगों की तरफ से भारी स्वीकृति मिल रही है। उन्होंने यह जानकारी भी सांझी की कि सरकार द्वारा जारी किया 'आई हरियाली' मोबाइल एप डाउनलोड करके मुफ्त में पौधे प्राप्त किए जा सकते हैं।

इस मौके पर कालेज प्रिंसीपल डा. खुशविन्द्र कुमार ने जंगलात विभाग की टीम और ईको क्लब के सदस्यों का स्वागत किया। उन्होंने विद्यार्थियों को कहा कि वे बड़े स्तर पर ऐसी तंदरुस्त संस्कृति का सृजन करें, जहां खुशियों के मौके पर आपसी उपहार के तौर पर पौधों का आदान-प्रदान किया जाए।

इस मुहिम दौरान मौजूद विद्यार्थियों ने कालेज के अलग-अलग स्थानों पर अमलतास, जकरंडा, गुलमोहर, चुकराशिया और अशोका की प्रजातियों के 60 के करीब पौधे लगाए। इस मौके पर विद्यार्थियों ने प्रण लिया कि वे इस मुहिम दौरान उनकी तरफ से लगाए गए पौधों की खास देखभाल करेंगे। इस मौके पर डा. अश्विनी शर्मा प्रमुख वनस्पति विज्ञान विभाग और कालेज के ईको क्लब के इंचार्ज डा. हरमोहन शर्मा, निशान सिंह और अजय गुप्ता भी मौजूद थे।

ਪੰਜਾਬੀ ਜਾਗਰਣ ਜਲੰਧਰ 4 ਜੁਲਾਈ 2018

# ਹਰਿਆਲੀ ਮੁਹਿੰਮ ਦਾ ਆਗਾਜ਼

**ਪੱਤਰ ਪ੍ਰੇਰਕ, ਪਟਿਆਲਾ** : ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਅੱਜ ਜੰਗਲਾਤ ਵਿਭਾਗ ਦੀ ਇਕ ਟੀਮ ਤੇ ਕਾਲਜ ਦੇ ਈਕੋ ਕਲੱਬ ਵੱਲੋਂ ਸਾਂਝੇ ਤੌਰ 'ਤੇ ਅਨੇਕਾਂ ਰਵਾਇਤੀ ਅਤੇ ਸਦਾਬਹਾਰ ਪੌਦੇ ਲਗਾ ਕੇ 'ਤੰਦਰੁਸਤ ਪੰਜਾਬ: ਘਰ ਘਰ ਹਰਿਆਲੀ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਜੰਗਲਾਤ ਵਿਭਾਗ ਦੀ ਟੀਮ ਦੀ ਅਗਵਾਈ ਜ਼ਿਲ੍ਹਾ ਜੰਗਲਾਤ ਅਫ਼ਸਰ ਜੁਗਰਾਜ ਸਿੰਘ (ਐਕਸਟੈਨਸ਼ਨ) ਕਰ ਰਹੇ ਸਨ ਅਤੇ ਇਸ ਟੀਮ ਵਿਚ ਰੇਂਜ ਅਫਸਰ ਆਮਨਦੀਪ ਕੌਰ, ਬਲਾਕ ਅਫਸਰ ਬਲਿਹਾਰ ਸਿੰਘ ਅਤੇ ਫੋਰੇਸਟ ਗਾਈਡ ਸ੍ਰੀਮਤੀ ਮਨਵੀਰ ਕੌਰ ਸਾਮਲ ਸਨ।

ਇਸ ਮੌਕੇ ਜੰਗਲਾਤ ਅਫਸਰ ਨੇ ਦੱਸਿਆ ਕਿ ਇਸ ਮੁਹਿੰਮ ਦੇ ਤਹਿਤ ਪੰਜਾਬ ਸਰਕਾਰ ਪੰਜਾਬ ਨੂੰ ਫਿਰ ਤੋਂ ਹਰਾ ਭਰਾ ਬਣਾਉਣ ਲਈ ਯਤਨਸ਼ੀਲ ਹੈ। ਇਸ ਮੁਹਿੰਮ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

## ਉਪਰਾਲਾ

- ਮੋਬਾਈਲ ਐਪ ਡਾਊਨਲੋਡ ਕਰਕੇ ਬੂਟੇ ਪ੍ਰਾਪਤ ਕੀਤੇ ਜਾ ਸਕਦੇ
- ਵਾਤਾਵਰਨ ਨੂੰ ਸਾਫ਼ ਰੱਖਣਾ ਹਰੇਕ ਦੀ ਸਮਾਜਿਕ ਜ਼ਿੰਮੇਵਾਰੀ

ਉਨ੍ਹਾਂ ਇਹ ਜਾਨਕਾਰੀ ਵੀ ਸਾਂਝੀ ਕੀਤੀ ਕਿ ਸਰਕਾਰ ਦੁਆਰਾ ਜਾਰੀ ਕੀਤਾ ਮੋਬਾਈਲ ਐਪ ਡਾਉਨਲੋਡ ਕਰਕੇ ਮੁਫਤ ਵਿੱਚ ਬੂਟੇ ਪ੍ਰਾਪਤ ਕੀਤਾ ਜਾ ਸਕਦੇ ਹਨ।

ਕਾਲਜ ਪ੍ਰਿੰਸੀਪਲ ਡਾ. ਖੁਸਵਿੰਦਰ ਕੁਮਾਰ ਨੇ ਇਸ ਮੌਕੇ ਤੇ ਜੰਗਲਾਤ ਵਿਭਾਗ ਦੀ ਟੀਮ ਅਤੇ ਈਕੋ ਕਲੱਬ ਦੇ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਮੁਹਿੰਮ ਦੇ ਤਹਿਤ ਸਾਡੀ ਸਮਾਜਿਕ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਵਾਤਾਵਰਨ ਨਾਲ ਸਬੰਧਿਤ ਮਸਲਿਆਂ ਨੂੰ ਸੁਹਿਰਦਤਾ ਨਾਲ ਸੰਬੋਧਿਤ ਹੋਈਏ।

ਉਨ੍ਹਾਂ ਨੇ ਇਸ ਮੌਕੇ ਤੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਉਹ ਵੱਡੇ ਪੱਧਰ ਤੇ ਅਜਿਹਾ ਤੰਦਰੁਸਤ ਸਭਿਆਚਾਰ ਸਿਰਜਨ ਜਿੱਥੇ ਖੁਸੀਆਂ ਦੇ ਮੌਕੇ ਤੇ ਆਪਸੀ ਤੋਹਫ਼ਿਆਂ ਵਜੋਂ ਪੌਦਿਆਂ ਦਾ ਆਦਾਨ ਪ੍ਰਦਾਨ ਕੀਤਾ ਜਾਵੇ। ਇਸ ਮੁਹਿੰਮ ਦੌਰਾਨ ਮੌਜੂਦ ਵਿਦਿਆਰਥੀਆਂ ਨੇ ਕਾਲਜ ਦੀਆਂ ਵੱਖੋਂ ਵੱਖਰੀਆਂ ਥਾਵਾਂ ਤੇ ਅਮਲਤਾਸ, ਜਕਰੰਡਾ, ਗੁਲਮੋਹਰ, ਚੁਕਰਾਸੀਆ ਅਤੇ ਅਸੋਕਾ ਦੀਆਂ ਪ੍ਰਜਾਤੀਆਂ ਦੇ 60 ਦੇ ਕਰੀਬ ਪੌਦੇ ਲਗਾਏ। ਇਸ ਮੌਕੇ ਤੇ ਵਿਦਿਆਰਥੀਆਂ ਨੇ ਪ੍ਰਣ ਲਿਆ ਕਿ ਉਹ ਇਸ ਮੁਹਿੰਮ ਦੌਰਾਨ ਉਨ੍ਹਾਂ ਵਲੋਂ ਲਗਾਏ ਗਏ ਪੌਦਿਆਂ ਦੀ ਖਾਸ ਦੇਖ-ਭਾਲ ਕਰਨਗੇ।

ਇਸ ਮੌਕੇ ਡਾ. ਅਸ਼ਵਨੀ ਸ਼ਰਮਾ, ਮੁਖੀ, ਵਨਸਪਤੀ ਵਿਗਿਆਨ ਵਿਭਾਗ ਅਤੇ ਕਾਲਜ ਦੇ ਈਕੋ ਕਲੱਬ ਦੇ ਇੰਚਾਰਜ, ਡਾ. ਹਰਮੋਹਨ ਸ਼ਰਮਾ, ਨਿਸ਼ਾਨ ਸਿੰਘ ਅਤੇ ਅਜੇ ਗੁਪਤਾ ਵੀ ਮੌਜੂਦ ਸਨ।




ਕਾਲਜ 'ਚ ਪੌਦੇ ਲਗਾਉਂਦੇ ਹੋਏ ਪ੍ਰਿੰਸੀਪਲ ਖੁਸ਼ਵਿੰਦਰ ਕੁਮਾਰ ਤੇ ਕਲੱਬ ਮੈਂਬਰ।

मंगलवार, 3 जुलाई 2018 | दैनिक सवेरा टाइम्स

## न्यूज गैलरी

# मोदी कालेज में तंदुरुस्त पंजाब घर-घर हरियाली मुहिम का आगाज



प्रिंसीपल खुशविन्द्र कुमार व जंगलात विभाग के सदस्य पौधारोपण करते हुए।

पटियाला (बलविन्द्र) : मुलतानी मल मोदी कालेज में आज जिला जंगलात विभाग की एक टीम और कालेज के ईको क्लब की तरफ से सांझे तौर पर अनेकों परंपरागत और सदाबहार पौधे लगा कर तंदुरुस्त पंजाब घर-घर हरियाली मुहिम की शुरुआत की गई। जंगलात विभाग की टीम का नेतृत्व जिला जंगलात अफसर जुगराज सिंह (एक्सटैंशन) कर रहे थे और इस टीम में रेंज अफसर अमनदीप कौर, ब्लाक अफसर बलेहार सिंह और फोरेस्ट गाइड मनवीर कौर शामिल थे। जंगलात अफसर ने बताया कि इस मुहिम के अंतर्गत पंजाब सरकार पंजाब को फिर से हराभरा बनाने के लिए यत्नशील है। प्रिंसीपल डा. खुशविन्दर कुमार ने जंगलात विभाग की टीम और ईको क्लब के सदस्यों का स्वागत करते कहा कि इस मुहिम के अंतर्गत हमारी सामाजिक जिम्मेदारी बनती है कि हम वातावरण के साथ संबंधित मसलों को सौहादर्ता के साथ संबोधित हों। इस मुहिम दौरान विद्यार्थियों ने 60 के करीब पौधे लगाए। इस मौके पर डा. अश्विनी शर्मा, प्रमुख, वनस्पति विज्ञान विभाग और कालेज के ईको क्लब के इंचार्ज, डा. हरमोहन शर्मा, निशान सिंह और अजय गुप्ता भी मौजूद थे।

ਪੰਜਾਬੀ ਜਾਗਰਣ ਜਲੰਧਰ 3 ਜੁਲਾਈ 2018

ਉਪਰਾਲਾ

ਸਰਕਾਰ ਪੰਜਾਬ ਨੂੰ ਮੁੜ ਹਰਾ ਭਰਾ ਬਣਾਉਣ ਲਈ ਯਤਨਸ਼ੀਲ

# 'ਘਰ ਘਰ ਹਰਿਆਲੀ' ਮੁਹਿੰਮ ਸ਼ੁਰੂ




ਕਾਲਜ ਕੈਂਪਸ 'ਚ ਪੌਦੇ ਲਗਾਉਂਦੇ ਹੋਏ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਹੋਰ।

**ਪੱਤਰ ਪ੍ਰੇਰਕ, ਪਟਿਆਲਾ :** ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਜੰਗਲਾਤ ਵਿਭਾਗ ਤੇ ਕਾਲਜ ਦੇ ਈਕੋ ਕਲੱਬ ਵੱਲੋਂ ਸਾਂਝੇ ਤੌਰ 'ਤੇ ਪੌਦੇ ਲਗਾ ਕੇ 'ਤੰਦਰੁਸਤ ਪੰਜਾਬ ਘਰ-ਘਰ ਹਰਿਆਲੀ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਜੰਗਲਾਤ ਵਿਭਾਗ ਦੀ ਟੀਮ ਵਿਚ ਜ਼ਿਲ੍ਹਾ ਜੰਗਲਾਤ ਅਫ਼ਸਰ ਜੁਗਰਾਜ ਸਿੰਘ, ਰੇਂਜ ਅਫ਼ਸਰ ਅਮਨਦੀਪ ਕੌਰ, ਬਲਾਕ ਅਫ਼ਸਰ ਬਲਿਹਾਰ ਸਿੰਘ ਅਤੇ ਫੋਰੇਸਟ ਗਾਈਡ ਮਨਵੀਰ ਕੌਰ ਸ਼ਾਮਲ ਸਨ। ਇਸ ਮੌਕੇ ਜੰਗਲਾਤ ਅਫ਼ਸਰ ਨੇ ਦੱਸਿਆ ਕਿ ਇਸ ਮੁਹਿੰਮ ਦੇ ਤਹਿਤ ਪੰਜਾਬ ਸਰਕਾਰ ਪੰਜਾਬ ਨੂੰ ਫ਼ਿਰ ਤੋਂ ਹਰਾ ਭਰਾ ਬਣਾਉਣ ਲਈ ਯਤਨਸ਼ੀਲ ਹੈ। ਇਸ ਮੁਹਿੰਮ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਜੰਗਲਾਤ ਵਿਭਾਗ ਦੀ ਟੀਮ ਅਤੇ ਈਕੋ ਕਲੱਬ ਦੇ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਮੁਹਿੰਮ ਦੇ ਤਹਿਤ ਸਾਡੀ ਸਮਾਜਿਕ ਜ਼ਿਮੇਵਾਰੀ ਬਣਦੀ ਹੈ ਕਿ ਅਸੀਂ ਵਾਤਾਵਰਨ ਨਾਲ ਸਬੰਧਿਤ ਮਸਲਿਆਂ ਨੂੰ ਸੁਹਿਰਦਤਾ ਨਾਲ ਸੰਬੋਧਿਤ ਹੋਈਏ। ਇਸ ਮੁਹਿੰਮ ਦੌਰਾਨ ਮੌਜੂਦ ਵਿਦਿਆਰਥੀਆਂ ਨੇ ਕਾਲਜ ਦੀਆਂ ਵੱਖੋ ਵੱਖਰੀਆਂ ਥਾਵਾਂ 'ਤੇ ਅਮਲਤਾਸ, ਜਕਰੰਡਾ, ਗੁਲਮੋਹਰ, ਚੁਕਰਾਸ਼ੀਆ ਅਤੇ ਅਸ਼ੋਕਾ ਦੀਆਂ ਪ੍ਰਜਾਤੀਆਂ ਦੇ 60 ਦੇ ਕਰੀਬ ਪੌਦੇ ਲਗਾਏ। ਇਸ ਮੌਕੇ ਤੇ ਵਿਦਿਆਰਥੀਆਂ ਨੇ ਪ੍ਰਣ ਲਿਆ ਕਿ ਉਹ ਇਸ ਮੁਹਿੰਮ ਦੌਰਾਨ ਉਨ੍ਹਾਂ ਵੱਲੋਂ ਲਗਾਏ ਗਏ ਪੌਦਿਆਂ ਦੀ ਖਾਸ ਦੇਖਭਾਲ ਕਰਨਗੇ।ਇਸ ਮੌਕੇ ਡਾ. ਅਸ਼ਵਨੀ ਸ਼ਰਮਾ, ਮੁਖੀ, ਵਨਸਪਤੀ ਵਿਗਿਆਨ ਵਿਭਾਗ ਅਤੇ ਕਾਲਜ ਦੇ ਈਕੋ ਕਲੱਬ ਦੇ ਇੰਚਾਰਜ ਡਾ. ਹਰਮੋਹਨ ਸ਼ਰਮਾ, ਨਿਸ਼ਾਨ ਸਿੰਘ ਅਤੇ ਅਜੇ ਗੁਪਤਾ ਵੀ ਮੌਜੂਦ ਸਨ।

# TWO DAYS ORIENTATION PROGRAMME FOR 1ST YEAR STUDENTS

HINDUSTAN TIMES, CHANDIGARH
THURSDAY, JULY 26, 2018

**shortstories**

## NEWCOMERS WELCOMED BY PATIALA COLLEGE

**PATIALA:** Multani Mal Modi College, Patiala, conducted an orientation programme for academic session 2018-19 on Wednesday. During the function, students were apprised of the importance of science, sports, national cadet corps and college placements. Principal Khushvinder Kumar welcomed the students and said, the college is committed to promote the fundamental values of education. Vice-principal Baljinder Kaur said, "Any type of ragging, indecent behaviour or threat will not be tolerated. **HTC**

वीरवार, 26 जुलाई 2018 | दैनिक सवेरा टाइम्स

## ओरिएंटेशन प्रोग्राम से नए विद्यक सैशन का आगाज




सैमीनार को संबोधित करते सदस्य।

पटियाला (बलविन्द्र): मुलतानी मल मोदी कालेज में नए दाखिल हुए विद्यार्थियों के लिए दो दिवसीय ओरिएंटेशन प्रोग्राम के आयोजन से नए विद्यक सैशन का आगाज किया गया। जहां विद्यार्थियों को कालेज के वार्षिक अकादमिक कैलेंडर, सैमेस्टर प्रणाली, एन.एस.एस., एन.सी.सी. की गतिविधियों, कालेज के विभिन्न क्लबों और संस्थाओं, वजीफा स्कीमों, एंटी रैगिंग सैल, वूमैन सैल बारे प्राथमिक जानकारी प्रदान करना था, वहीं विद्यार्थियों को नए विद्यक माहौल की जिम्मेवारियों बारे भी जागरूक करना था। प्रिं. डा. खुशविंदर कुमार ने नए दाखिल हुए विद्यार्थियों का कालेज में स्वागत करते उनके उज्ज्वल भविष्य की कामना की।

दैनिक जागरण लुधियाना/पटियाला, 26 जुलाई 2018

## मोदी कॉलेज में अकादमिक सेशन का आगाज




**पटियाला** : स्थानीय मुल्तानी मल्ल मोदी कॉलेज में दो दिवसीय ओरीएंटेशन प्रोग्राम के साथ नए शैक्षिक सेशन का आगाज किया गया। इस प्रोग्राम का उद्देश्य कॉलेज के वार्षिक अकादमिक कैलेंडर, सेमेस्टर प्रणाली, एनएसएस, कॉलेज के अलग-अलग क्लबों और संस्थाओं व वूमेन सेल के बारे जानकारी प्रदान करना था।

दैनिक भास्कर

## मुलतानी मल मोदी कॉलेज में नए स्टूडेंट्स के लिए करवाया ऑरिएंटेशन प्रोग्राम

पटियाला| मुलतानी मल मोदी कालेज में नये स्टूडेंट्स के लिए दो दिवसीय ऑरिएंटेशन प्रोग्राम का आयोजन किया गया। जिसमें नए स्टूडेंट्स को सालाना अकादमिक कलेंडर, समेस्टर प्रणाली, एनएसएस, एनसीसी, स्कॉलरशिप स्कीम, एंटी रैगिंग सेल, वुमन सेल बारे प्राथमिक जानकारी दी गई। कालेज प्रिंसिपल, डॉ. खुशविंदर कुमार ने नये दाखिल हुए स्टूडेंट्स का कॉलेज में स्वागत करते कहा कि मौजूदा समय में मोदी कॉलेज शिक्षा के लिए अच्छा संस्थान है। कालेज के वायस प्रिंसिपल प्रो. डॉ. बलजिंदर कौर ने इस मौके विद्यार्थियों को संबोधित करते कहा कि उन को कालेज में हर तरह की सुविधा प्राप्त होगी इस दौरान डॉ. गुरदीप सिंह डीन स्पोर्टस और प्रमुख पंजाबी विभाग और निशान सिंह प्रमुख खेल विभाग ने खेल के क्षेत्र में कॉलेज की उपलब्धियां साझा की। इस मौके पर बड़ी संख्या में कॉलेज स्टूडेंट और स्टाफ मौजूद रहा

ਪੰਜਾਬੀ ਟ੍ਰਿਬਿਊਨ, ਵੀਰਵਾਰ, 26 ਜੁਲਾਈ 2018

## ਓਰੀਐਂਟੇਸ਼ਨ ਪ੍ਰੋਗਰਾਮ ਨਾਲ ਨਵੇਂ ਵਿਦਿਅਕ ਸੈਸ਼ਨ ਦਾ ਆਗ਼ਾਜ਼

**ਨਿੱਜੀ ਪੱਤਰ ਪ੍ਰੇਰਕ**
**ਪਟਿਆਲਾ, 25 ਜੁਲਾਈ**


ਸਥਾਨਕ ਮੁਲਤਾਨੀ ਮੱਲ ਕਾਲਜ ਵਿੱਚ ਓਰੀਐਂਟੇਸ਼ਨ ਪ੍ਰੋਗਰਾਮ ਨਾਲ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਕਾਲਜ ਦੇ ਸਾਲਾਨਾ ਅਕਾਦਮਿਕ ਕੈਲੰਡਰ, ਸਮੈਸਟਰ ਪ੍ਰਣਾਲੀ, ਐਨ.ਐਸ.ਐਸ., ਐਨ.ਸੀ.ਸੀ. ਦੀਆਂ ਸਰਗਰਮੀਆਂ, ਕਾਲਜ ਦੇ ਵੱਖ-ਵੱਖਰੇ ਕਲੱਬਾਂ ਅਤੇ ਸੰਸਥਾਵਾਂ, ਵਜ਼ੀਫ਼ਾ ਸਕੀਮਾਂ, ਐਂਟੀ ਰੈਗਿੰਗ ਸੈੱਲ, ਵਿਮੈਨ ਸੈੱਲ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਨਾ ਸੀ। ਪ੍ਰਿੰਸੀਪਲ, ਡਾ. ਖੁਸ਼ਵਿੰਦਰ ਕੁਮਾਰ ਨੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਕਾਲਜ ਵਿੱਚ ਸਵਾਗਤ ਕੀਤਾ। ਉਨ੍ਹਾਂ ਇਸ ਮੌਕੇ ਕਾਲਜ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ।

Daily Charhdikala, Patiala (Thursday, 26 July 2018)

# ਮੋਦੀ ਕਾਲਜ ਵਿਖੇ ਵਿਦਿਆਰਥੀਆਂ ਲਈ ਦੋ-ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ ਨਾਲ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼

ਗੁਰਮੁੱਖ ਰੁਪਾਣਾ

ਪਟਿਆਲਾ, 25 ਜੁਲਾਈ : ਸਥਾਨਕ ਮੁਲਤਾਨੀ ਮੱਲ ਕਾਲਜ ਵਿਖੇ ਨਵੇਂ ਦਾਖਿਲ ਹੋਏ ਵਿਦਿਆਰਥੀਆਂ ਲਈ ਦੋ ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ ਦੇ ਆਯੋਜਨ ਨਾਲ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਜਿੱਥੇ ਵਿਦਿਆਰਥੀਆਂ ਨੂੰ ਕਾਲਜ ਦੇ ਸਲਾਨਾ ਅਕਾਦਮਿਕ ਕੈਲੰਡਰ, ਸਮੈਸਟਰ ਪ੍ਰਣਾਲੀ, ਐਨ.ਐਸ.ਐਸ., ਐਨ.ਸੀ.ਸੀ. ਦੀਆਂ ਸਰਗਰਮੀਆਂ, ਕਾਲਜ ਦੇ ਵੱਖ-ਵੱਖਰੇ ਕਲੱਬਾਂ ਅਤੇ ਸੰਸਥਾਵਾਂ, ਵਜ਼ੀਫਾ ਸਕੀਮਾਂ, ਐਂਟੀ ਰੈਗਿੰਗ ਸੈੱਲ, ਵੂਮੈਨ ਸੈੱਲ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਨਾ ਸੀ, ਉਥੇ ਵਿਦਿਆਰਥੀਆਂ ਨੂੰ ਨਵੇਂ ਵਿਦਿਅਕ ਮਾਹੌਲ ਦੀਆਂ ਜ਼ਿੰਮੇਵਾਰੀਆਂ ਬਾਰੇ ਵੀ ਜਾਗਰੂਕ ਕਰਨਾ ਸੀ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਕਾਲਜ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਮੌਜੂਦਾ ਆਲਮੀ ਪਰਿਪੇਖ ਵਿੱਚ ਬਿਹਤਰ ਭਵਿੱਖ ਸਿਰਜਣ ਲਈ ਇੱਕ ਚੰਗੇ ਸਿੱਖਿਆ ਸੰਸਥਾਨ ਦਾ ਰੋਲ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਵਿਦਿਅਕ ਖੇਤਰ ਵਿੱਚ ਮੋਦੀ ਕਾਲਜ ਦੀਆਂ ਉਪਲੱਬਧੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੋਦੀ ਕਾਲਜ ਸਿੱਖਿਆ ਦੇ ਉਚਤਮ ਮਿਆਰਾਂ ਨੂੰ ਸਮਰਪਿਤ ਅਜਿਹਾ ਅਦਾਰਾ ਹੈ ਜਿਹੜਾ ਵਿਦਿਆਰਥੀਆਂ ਦੀ ਬਹੁ-ਪੱਖੀ ਸ਼ਖਸੀਅਤ ਉਸਾਰੀ ਲਈ ਵਚਨਬੱਧ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. (ਡਾ.) ਬਲਜਿੰਦਰ ਕੌਰ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਕਾਲਜ ਵਿੱਚ ਹਰ ਤਰ੍ਹਾਂ ਦੀ ਸਹੂਲਤ ਪ੍ਰਾਪਤ ਹੋਵੇਗੀ ਪਰ ਉਨ੍ਹਾਂ ਦੀ ਇਹ ਮੌਲਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਾਲਜ ਵਿੱਚ ਅਨੁਸ਼ਾਸਨ ਬਣਾਈ ਰੱਖਣ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਰੈਗਿੰਗ, ਗ਼ੈਰ-ਜ਼ਿੰਮੇਵਾਰਾਨਾ ਹਰਕਤ ਅਤੇ ਗਲਤ ਵਤੀਰੇ ਪ੍ਰਤੀ ਸੁਚੇਤ ਕਰਦਿਆਂ ਕਿਹਾ ਕਿ ਅਜਿਹੀ ਸਥਿਤੀ ਦਾ ਸਾਹਮਣਾ ਹੋਣ ਦੀ ਸੂਰਤ ਵਿੱਚ ਤੁਰੰਤ ਸਬੰਧਤ ਅਧਿਆਪਕ ਨਾਲ ਸੰਪਰਕ ਕੀਤਾ ਜਾਵੇ। ਪ੍ਰੋ. ਸ਼ੈਲੇਂਦਰ ਸਿੱਧੂ, ਅੰਗਰੇਜ਼ੀ ਵਿਭਾਗ ਨੇ ਕਾਲਜ ਵਿੱਚ ਵੂਮੈਨ ਸੈੱਲ ਦੀਆਂ ਕਾਰਵਾਈਆਂ ਬਾਰੇ ਚਰਚਾ ਕੀਤੀ। ਪ੍ਰੋ. ਵੇਦ ਪ੍ਰਕਾਸ਼, ਡੀਨ ਸਟੂਡੈਂਟ ਭਲਾਈ ਅਤੇ ਇੰਚਾਰਜ ਐਨ.ਸੀ.ਸੀ. ਵਿੰਗ ਨੇ ਵਿਦਿਆਰਥੀਆਂ ਨੂੰ ਐਨ.ਸੀ.ਸੀ. ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਡਾ. ਗੁਰਦੀਪ ਸਿੰਘ, ਡੀਨ ਸਪੋਰਟਸ ਅਤੇ ਮੁਖੀ ਪੰਜਾਬੀ ਵਿਭਾਗ ਅਤੇ ਸ੍ਰੀ ਨਿਸ਼ਾਨ ਸਿੰਘ, ਮੁਖੀ ਖੇਡ ਵਿਭਾਗ ਨੇ ਖੇਡਾਂ ਦੇ ਖੇਤਰ ਵਿੱਚ ਕਾਲਜ ਦੀਆਂ ਉਪਲੱਬਧੀਆਂ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ। ਡਾ. ਅਸ਼ਵਨੀ ਸ਼ਰਮਾ, ਡੀਨ, ਲਾਈਫ਼ ਸਾਇੰਸਿਜ਼ ਅਤੇ ਡਾ. ਰਾਜੀਵ ਸ਼ਰਮਾ, ਡੀਨ, ਫ਼ਿਜ਼ੀਕਲ ਸਾਇੰਸਿਜ਼ ਨੇ ਸਾਇੰਸ ਵਿਸ਼ਿਆਂ ਦੀ ਮੌਜੂਦਾ ਦੌਰ ਵਿੱਚ ਮਹੱਤਵਤਾ ਅਤੇ ਸਾਇੰਸ ਵਿਭਾਗ ਵੱਲੋਂ ਖੋਜ ਦੇ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਗਤੀਵਿਧੀਆਂ 'ਤੇ ਰੌਸ਼ਨੀ ਪਾਈ। ਪ੍ਰੋ. ਵਿਨੇ ਗਰਗ, ਮੁਖੀ ਕੰਪਿਊਟਰ ਸਾਇੰਸ ਵਿਭਾਗ ਨੇ ਵਿਦਿਆਰਥੀਆਂ ਨੂੰ ਕਾਲਜ ਦੇ ਇਨਫਾਰਮੇਸ਼ਨ ਵਿੰਗ ਬਾਰੇ ਜਾਣਕਾਰੀ ਦਿੱਤੀ। ਡਾ. ਅਜੀਤ ਕੁਮਾਰ, ਕਾਲਜ ਰਜਿਸਟਰਾਰ ਨੇ ਵਿਦਿਆਰਥੀਆਂ ਨੂੰ ਵਿਦਿਅਕ ਕਲੰਡਰ, ਘਰੇਲੂ ਪੇਖਿਆਵਾਂ ਅਤੇ ਸਾਲਾਨਾ ਪ੍ਰੀਖਿਆਵਾਂ ਲਈ ਜ਼ਰੂਰੀ ਯੋਗਤਾ ਬਾਰੇ ਵਿਸਥਾਰ ਨਾਲ ਦੱਸਿਆ। ਡਾ. ਗਣੇਸ਼ ਸੇਠੀ ਨੇ ਵੱਖ-ਵੱਖ ਸਕਾਲਰਸ਼ਿਪ ਸਕੀਮਾਂ ਬਾਰੇ, ਡਾ. ਹਰਮੋਹਨ ਸ਼ਰਮਾ ਨੇ ਕਾਲਜ ਦੇ ਵੱਖ-ਵੱਖ ਕਲੱਬਾਂ ਅਤੇ ਸੋਸਾਇਟੀਆਂ ਬਾਰੇ ਅਤੇ ਡਾ. ਰੋਹਿਤ ਸਚਦੇਵਾ ਨੇ ਕਾਲਜ ਵਿੱਚ ਚੱਲ ਰਹੇ ਪਲੇਸਮੈਂਟ ਸੈੱਲ ਬਾਰੇ ਲੋੜੀਂਦੀ ਜਾਣਕਾਰੀ ਦਿੱਤੀ।




ਓਰੀਐਂਟੇਸ਼ਨ ਪ੍ਰੋਗਰਾਮ ਮੌਕੇ ਸੰਬੋਧਨ ਕਰਦੇ ਹੋਏ ਕਾਲਜ ਪ੍ਰਿੰਸੀਪਲ, ਡਾਂ. ਖੁਸ਼ਵਿੰਦਰ ਕੁਮਾਰ।

ਜਲੰਧਰ 26 ਜੁਲਾਈ 2018 ਪੰਜਾਬੀ ਜਾਗਰਣ




ਪ੍ਰਿੰਸੀਪਲ ਸੰਬੋਧਨ ਕਰਦੇ ਹੋਏ ਨਾਲ ਤੇ ਪ੍ਰਮੁੱਖ ਸ਼ਖ਼ਸੀਅਤਾਂ।

# ਮੋਦੀ ਕਾਲਜ 'ਚ ਵਿਦਿਅਕ ਸੈਸ਼ਨ ਦਾ ਆਗ਼ਾਜ਼

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਕਾਲਜ ਵਿਖੇ ਨਵੇਂ ਵਿਦਿਆਰਥੀਆਂ ਲਈ ਦੋ ਰੋਜ਼ਾ ਉਰੀਐਂਟੇਸ਼ਨ ਪ੍ਰੋਗਰਾਮ ਦੇ ਆਯੋਜਨ ਨਾਲ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਜਿੱਥੇ ਵਿਦਿਆਰਥੀਆਂ ਨੂੰ ਕਾਲਜ ਦੇ ਸਲਾਨਾ ਅਕਾਦਮਿਕ ਕੈਲੰਡਰ, ਸਮੈਸਟਰ ਪ੍ਰਣਾਲੀ, ਐਨ.ਐਸ.ਐਸ., ਐਨ.ਸੀ.ਸੀ. ਦੀਆਂ ਸਰਗਰਮੀਆਂ, ਕਾਲਜ ਦੇ ਵੱਖੋ-ਵੱਖਰੇ ਕਲੱਬਾਂ ਅਤੇ ਸੰਸਥਾਵਾਂ, ਵਜ਼ੀਫ਼ਾ ਸਕੀਮਾਂ, ਐਂਟੀ ਰੈਗਿੰਗ ਸੈੱਲ, ਵੂਮੈਨ ਸੈੱਲ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਨਾ ਸੀ, ਉੱਥੇ ਵਿਦਿਆਰਥੀਆਂ ਨੂੰ ਨਵੇਂ ਵਿਦਿਅਕ ਮਾਹੌਲ ਦੀਆਂ ਜ਼ਿੰਮੇਵਾਰੀਆਂ ਬਾਰੇ ਵੀ ਜਾਗਰੂਕ ਕਰਨਾ ਸੀ।ਕਾਲਜ ਪ੍ਰਿੰਸੀਪਲ, ਡਾ. ਖੁਸ਼ਵਿੰਦਰ ਕੁਮਾਰ ਨੇ ਨਵੇਂ ਦਾਖਿਲ ਹੋਏ ਵਿਦਿਆਰਥੀਆਂ ਦਾ ਕਾਲਜ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਮੌਜੂਦਾ ਆਲਮੀ ਪਰਿਪੇਖ ਵਿੱਚ ਬਿਹਤਰ ਭਵਿੱਖ ਸਰਿਜਣ ਲਈ ਇੱਕ ਚੰਗੇ ਸਿੱਖਿਆ ਸੰਸਥਾਨ ਦਾ ਰੋਲ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਵਿਦਿਅਕ ਖੇਤਰ ਵਿੱਚ ਮੋਦੀ ਕਾਲਜ ਦੀਆਂ ਉਪਲੱਬਧੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੋਦੀ ਕਾਲਜ ਸਿੱਖਿਆ ਦੇ ਉੱਚਤਮ ਮਿਆਰਾਂ ਨੂੰ ਸਮਰਪਿਤ ਅਜਿਹਾ ਅਦਾਰਾ ਹੈ। ਵਾਇਸ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਕਾਲਜ ਵਿੱਚ ਹਰ ਤਰ੍ਹਾਂ ਦੀ ਸਹੂਲਤ ਪ੍ਰਾਪਤ ਹੋਵੇਗੀ ਪਰ ਉਨ੍ਹਾਂ ਦੀ ਇਹ ਮੌਲਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਾਲਜ ਵਿੱਚ ਅਨੁਸ਼ਾਸਨ ਬਣਾਈ ਰੱਖਣ। ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦਾ ਉਤਸ਼ਾਹ ਸ਼ਲਾਘਾਯੋਗ ਸੀ।

ਰੋਜ਼ਾਨਾ ਸਪੋਕਸਮੈਨ

ਵੀਰਵਾਰ, 26 ਜੁਲਾਈ 2018

# ਮੋਦੀ ਕਾਲਜ ਵਿਖੇ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼




ਪਟਿਆਲਾ, 25 ਜੁਲਾਈ (ਧਰਮਿੰਦਰ ਪਾਲ ਸਿੰਘ) : ਸਥਾਨਕ ਮੁਲਤਾਨੀ ਮੱਲ ਕਾਲਜ ਵਿਖੇ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਲਈ ਦੋ ਰੋਜ਼ਾ ਉਰੀਐਂਟੇਸ਼ਨ ਪ੍ਰੋਗਰਾਮ ਦੇ ਆਯੋਜਨ ਨਾਲ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼ ਕੀਤਾ ਗਿਆ। ਪ੍ਰੋਗਰਾਮ ਦੌਰਾਨ ਕਾਲਜ ਪ੍ਰਿੰਸੀਪਲ, ਡਾ. ਖੁਸ਼ਵਿੰਦਰ ਕੁਮਾਰ ਨੇ ਨਵੇਂ ਦਾਖਿਲ ਹੋਏ ਵਿਦਿਆਰਥੀਆਂ ਦਾ ਕਾਲਜ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਮੌਜੂਦਾ ਆਲਮੀ ਪਰਿਪੇਖ ਵਿੱਚ ਬਿਹਤਰ ਭਵਿੱਖ ਸਰਿਜਣ ਲਈ ਇੱਕ ਚੰਗੇ ਸਿੱਖਿਆ ਸੰਸਥਾਨ ਦਾ ਰੋਲ ਬਹੁਤ ਮਹੱਤਵਪੂਰਨ ਹੈ।

ਕਾਲਜ ਦੇ ਵਾਇਸ ਪ੍ਰਿੰਸੀਪਲ ਪ੍ਰੋ. (ਡਾ.) ਬਲਜਿੰਦਰ ਕੌਰ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਕਾਲਜ ਵਿੱਚ ਹਰ ਤਰ੍ਹਾਂ ਦੀ ਸਹੂਲਤ ਪ੍ਰਾਪਤ ਹੋਵੇਗੀ ਪਰ ਉਨ੍ਹਾਂ ਦੀ ਇਹ ਮੌਲਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਾਲਜ ਵਿੱਚ ਅਨੁਸ਼ਾਸਨ ਬਣਾਈ ਰੱਖਣ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਰੈਗਿੰਗ, ਗ਼ੈਰ-ਜ਼ਿੰਮੇਵਾਰਾਨਾ ਹਰਕਤ ਅਤੇ ਗਲਤ ਵਤੀਰੇ ਪ੍ਰਤੀ ਸੁਚੇਤ ਕਰਦਿਆਂ ਕਿਹਾ ਕਿ ਅਜਿਹੀ ਸਥਿਤੀ ਦਾ ਸਾਹਮਣਾ ਹੋਣ ਦੀ ਸੂਰਤ ਵਿੱਚ ਤੁਰੰਤ ਸਬੰਧਤ ਅਧਿਆਪਕ ਨਾਲ ਸੰਪਰਕ ਕੀਤਾ ਜਾਵੇ। ਪ੍ਰੋ. ਸ਼ੈਲੇਂਦਰ ਸਿੱਧੂ, ਅੰਗਰੇਜ਼ੀ ਵਿਭਾਗ ਨੇ ਕਾਲਜ ਵਿੱਚ ਵੂਮੈਨ ਸੈੱਲ ਦੀਆਂ ਕਾਰਵਾਈਆਂ ਬਾਰੇ ਚਰਚਾ ਕੀਤੀ।

ਪ੍ਰੋ. ਵੇਦ ਪ੍ਰਕਾਸ਼, ਡੀਨ ਸਟੂਡੈਂਟ ਭਲਾਈ ਅਤੇ ਇੰਚਾਰਜ ਐਨ.ਸੀ.ਸੀ. ਵਿੰਗ ਨੇ ਵਿਦਿਆਰਥੀਆਂ ਨੂੰ ਐਨ.ਸੀ.ਸੀ. ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਡਾ. ਗੁਰਦੀਪ ਸਿੰਘ, ਡੀਨ ਸਪੋਰਟਸ ਅਤੇ ਮੁਖੀ ਪੰਜਾਬੀ ਵਿਭਾਗ, ਅਤੇ ਨਿਸ਼ਾਨ ਸਿੰਘ, ਮੁਖੀ ਖੇਡ ਵਿਭਾਗ ਨੇ ਖੇਡਾਂ ਦੇ ਖੇਤਰ ਵਿੱਚ ਕਾਲਜ ਦੀਆਂ ਉਪਲੱਬਧੀਆਂ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ।

ਡਾ. ਅਸ਼ਵਨੀ ਸ਼ਰਮਾ, ਡੀਨ, ਲਾਈਫ਼ ਸਾਇੰਸਿਜ਼ ਅਤੇ ਡਾ. ਰਾਜੀਵ ਸ਼ਰਮਾ, ਡੀਨ, ਫ਼ਿਜ਼ਿਕਲ ਸਾਇੰਸਿਜ਼ ਨੇ ਸਾਇੰਸ ਵਿਸ਼ਿਆਂ ਦੀ ਮੌਜੂਦਾ ਦੌਰ ਵਿੱਚ ਮਹੱਤਵਤਾ ਅਤੇ ਸਾਇੰਸ ਵਿਭਾਗ ਵੱਲੋਂ ਖੋਜ ਦੇ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਤੇ ਰੌਸ਼ਨੀ ਪਾਈ।

पटियाला केसरी

# मोदी कालेज में 2 दिवसीय ओरिएंटेशन कार्यक्रम आयोजित

पटियाला, 26 जुलाई (जोसन): मुल्तानी मल कालेज में नए दाखिल हुए विद्यार्थियों के लिए 2 दिवसीय ओरिएंटेशन प्रोग्राम के आयोजन के साथ नए शैक्षिक सैशन का आगाज किया गया। कार्यक्रम का उद्देश्य जहां विद्यार्थियों को कालेज के वार्षिक अकादमिक कैलेंडर, समैस्टर प्रणाली, एन.एस.एस., एन.सी.सी. की सरगर्मियों, कालेज के अलग-अलग क्लबों और संस्थाओं, वजीफा स्कीमों, एंटी रैगिंग सैल, वूमैन सैल बारे प्राथमिक जानकारी प्रदान करना था, वहीं विद्यार्थियों को नए शैक्षिक माहौल की जिम्मेदारियों बारे भी जागरूक करना था।

कालेज प्रिंसीपल डा. खुशविंद्र कुमार ने नए दाखिल हुए विद्यार्थियों का कालेज में स्वागत करते हुए कहा कि मौजूदा सांसारिक परिप्रेक्ष्य में बेहतर भविष्य सृजन करने के लिए एक अच्छे शिक्षण संस्थान का रोल बहुत महत्वपूर्ण है। मोदी कालेज शिक्षा के उच्चतम स्तरों को समर्पित ऐसी संस्था है जो विद्यार्थियों की बहु-समर्थकीय शख्सियत निर्माण के लिए वचनबद्ध है।



*मोदी कालेज में 2 दिवसीय ओरिएंटेशन प्रोग्राम दौरान संबोधित करते प्रिंसीपल खुशविंद्र कुमार।* (जोसन)

कालेज के वाइस प्रिंसीपल प्रो. (डा.) बलजिन्द्र कौर ने इस मौके पर विद्यार्थियों को कहा कि उनको कालेज में हर तरह की सुविधा प्राप्त होगी परंतु उनकी यह मौलिक जिम्मेदारी बनती है कि वे कालेज में अनुशासन बनाए रखें। उन्होंने विद्यार्थियों को किसी किस्म की रैगिंग, गैर-जिम्मेदाराना हरकत और गलत व्यवहार प्रति सचेत करते हुए कहा कि ऐसी स्थिति का सामना होने की सूरत में तुरंत संबंधित अध्यापक के साथ संपर्क किया जाए।

प्रो. शैलेंद्र सिद्धू, अंग्रेजी विभाग ने कालेज में वूमैन सैल की कार्रवाइयों बारे चर्चा की। प्रो. वेदा प्रकाश डीन स्टूडैंट भलाई और इंचार्ज एन.सी.सी. विंग ने विद्यार्थियों को एन.सी.सी. में बढ़-चढ़ कर हिस्सा लेने के लिए उत्साहित किया।

डा. गुरदीप सिंह डीन स्पोर्ट्स और प्रमुख पंजाबी विभाग और निशान सिंह प्रमुख खेल विभाग ने खेल के क्षेत्र में कालेज की उपलब्धियां विद्यार्थियों के साथ सांझी कीं।

डा. गणेश सेठी ने अलग-अलग स्कालरशिप स्कीमों बारे, डा. हरमोहन शर्मा ने कालेज के अलग-अलग क्लबों और सोसायटियों बारे और डा. रोहित सचदेवा ने कालेज में चल रहे प्लेसमैंट सैल बारे अपेक्षित जानकारी दी।

# 7 DAYS FACULTY DEVELOPMENT PROGRAM ORGANIZED

शुक्रवार, 27 जुलाई 2018 | दैनिक सवेरा टाइम्स

# मुल्तानी मल कालेज में सात दिवसीय फैकल्टी डिवैल्पमैंट प्रोग्राम सम्पन्न

**विभिन्न यूनिवर्सिटीयों से आए माहिरों ने विचार सांझे किए**

पटियाला, 26 जुलाई (बलविन्द्र): मुलतानी मल मोदी कालेज पटियाला के इंटरनल क्वालिटी इंश्योरैंस सैल की तरफ से यू.जी.सी. के सहयोग के साथ कंटैंपरेरी इशूज इन 'हायर एजुकेशन विषय पर आयोजित सात दिवसीय फैकल्टी डिवैल्पमैंट प्रोग्राम 'आज सम्पन्न हो गया। प्रिंसीपल डा. खुशविन्दर कुमार ने बाहर से आए रिसोर्सपर्सन और अध्यापकों का स्वागत करते कहा कि आज के दौर में उच्च शिक्षा को अनेकों चुनौतियों के साथ जूझना पड़ रहा है। उन्होंने कहा कि उच्च शिक्षा जहां आर्थिक और सामाजिक जरूरतों को संबोधित होने वाली, नई तकनीकी खोजों पर आधारित और संचार क्षेत्र की तबदीलियों के साथ तालमेल बिठा सकें में कामयाब हो, वहां इसका अंतिम लक्ष्य सांसारिक सूझ वाला जिम्मेदार नागरिक पैदा करना है। सात दिवसीय इस प्रोगराम दौरान अलग अलग यूनिवर्सिटियाँ और संस्थायों से आए विषय माहिरों ने अपने विचार सांझे किए। डा. आशुतोष कुमार, डायरैक्टर यू.जी.सी. एच.आर.डी.सी., पंजाब यूनिवर्सिटी चंडीगढ़ ने शिक्षा नीतियों पर चर्चा करते कहा कि उदारवादी व्यवस्था के अंतर्गत शिक्षा के क्षेत्र में राजनीति का प्रभाव दिन प्रति दिन पक्का होता जा रहा है।



गणमान्यों को सम्मानित करते प्रिंसीपल खुशविन्द्र कुमार।

पटियाला, 27 जुलाई 2018 दैनिक जागरण

## सात दिवसीय फैकल्टी डवलपमेंट प्रोग्राम समाप्त

पटियाला : मुलतानी मल्ल मोदी कॉलेज, पटियाला के इंटरनल क्वालिटी इंश्योरेंस सेल की तरफ से यूजीसी के सहयोग के साथ कंटेंपरेरी इशूज इन हायर एजुकेशन विषय पर आयोजित सात दिवसीय फैकल्टी डवलपमेंट प्रोग्राम वीरवार को समाप्त हो गया। कॉलेज प्रिंसिपल डॉ. खुशविंदर कुमार ने कहा कि आज के दौर में उच्च शिक्षा को कई चुनौतियों के साथ जूझना पड़ रहा है। सात दिवसीय इस प्रोग्राम के दौरान विभिन्न यूनिवर्सिटी और संस्थाओं से आए विषय माहिरों ने अपने विचार व्यक्त किए। (जेएनएन)

ਰੋਜ਼ਾਨਾ ਸਪੋਕਸਮੈਨ

# ਸੱਤ-ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਸਮਾਪਤ



ਪਟਿਆਲਾ: 26 ਜੁਲਾਈ (ਧਰਮਿੰਦਰ ਪਾਲ ਸਿੰਘ) : ਸਥਾਨਕ ਮੁਲਤਾਨੀ ਮੱਲ ਕਾਲਜ, ਪਟਿਆਲਾ ਦੇ ਇੰਟਰਨਲ ਕੁਆਲਿਟੀ ਐਸ਼ੋਰੈਂਸ ਸੈੱਲ ਵੱਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ ਕੰਟੈਂਪਰੇਰੀ ਇਸ਼ੂਜ਼ ਇਨ ਹਾਇਰ ਐਜੂਕੇਸ਼ਨ@ ਵਿਸ਼ੇ ਤੇ ਆਯੋਜਿਤ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅੱਜ ਸਮਾਪਤ ਹੋ ਗਿਆ।

ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਤੇ ਬਾਹਰੋਂ ਆਏ ਰਿਸੋਰਸ ਪਰਸਨਜ਼ ਅਤੇ ਅਧਿਆਪਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਜੋਕੇ ਦੌਰ ਵਿੱਚ ਉੱਚ-ਸਿੱਖਿਆ ਨੂੰ ਅਨੇਕਾਂ ਚੁਣੌਤੀਆਂ ਨਾਲ ਜੂਝਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਉੱਚ-ਸਿੱਖਿਆ ਜਿੱਥੇ ਆਰਥਿਕ ਤੇ ਸਮਾਜਿਕ ਜ਼ਰੂਰਤਾਂ ਨੂੰ ਸੰਬੋਧਿਤ ਹੋਣ ਵਾਲੀ, ਨਵੀਆਂ ਤਕਨੀਕੀ ਕਾਢਾਂ ਤੇ ਅਧਾਰਿਤ ਅਤੇ ਸੰਚਾਰ-ਖੇਤਰ ਦੀਆਂ ਤਬਦੀਲੀਆਂ ਨਾਲ ਤਾਲਮੇਲ ਬਿਠਾ ਸਕਣ ਵਿੱਚ ਕਾਮਯਾਬ ਹੋਵੇ, ਉੱਥੇ ਇਸ ਦਾ ਅੰਤਿਮ ਟੀਚਾ ਆਲਮੀ ਸੂਝ ਵਾਲਾ ਜ਼ਿੰਮੇਵਾਰ ਨਾਗਰਿਕ ਪੈਦਾ ਕਰਨਾ ਹੈ ਸੱਤ ਰੋਜ਼ਾ ਇਸ ਪ੍ਰੋਗਰਾਮ ਦੌਰਾਨ ਵੱਖੋ-ਵੱਖਰੀਆਂ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਤੋਂ ਆਏ ਵਿਸ਼ਾ-ਮਾਹਿਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਪ੍ਰਤੀਕ ਭਾਟੀਆ, ਐਸੋਸੀਏਟ ਪ੍ਰੋਫੈਸਰ, ਕੰਪਿਊਟਰ ਅਤੇ ਇੰਜਨੀਅਰਿੰਗ ਵਿਭਾਗ, ਟੀ.ਆਈ.ਈ.ਟੀ. ਪਟਿਆਲਾ ਨੇ ਅਧਿਆਪਕਾਂ ਨਾਲ ਮਲਟੀਮੀਡੀਆ ਅਤੇ ਆਧੁਨਿਕ ਸੰਚਾਰ ਪ੍ਰਣਾਲੀਆਂ ਦੇ ਤਰੀਕੇ (ਫਲਿੱਪ-ਲਰਨਿੰਗ) ਨਾਲ ਪੜ੍ਹਾਉਣ ਬਾਰੇ ਚਰਚਾ ਕੀਤੀ। ਡਾ. ਕੁਲਦੀਪ ਪੁਰੀ, ਪ੍ਰੋਫੈਸਰ, ਯੂਨੀਵਰਸਿਟੀ ਸਕੂਲ ਆਫ਼ ਓਪਨ ਲਰਨਿੰਗ ਨੇ ਮੌਜੂਦਾ ਸਿੱਖਿਆ ਪ੍ਰਣਾਲੀ ਵਿੱਚ ਔਟੋਨੌਮੀ ਅਰਥਾਤ ਸਵੈ-ਨਿਰਭਰਤਾ ਨਾਲ ਜੁੜੀਆਂ ਮਿੱਥਾਂ, ਸਿਆਸਤ ਅਤੇ ਖ਼ਦਸਿਆਂ ਤੇ ਚਾਨਣਾ ਪਾਇਆ। ਡਾ. ਆਸ਼ੂਤੋਸ਼ ਕੁਮਾਰ, ਡਾਇਰੈਕਟਰ ਯੂ.ਜੀ.ਸੀ. - ਐਚ.ਆਰ.ਡੀ.ਸੀ., ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਸਿੱਖਿਆ ਨੀਤੀਆਂ ਤੇ ਚਰਚਾ ਕਰਦਿਆਂ ਕਿਹਾ ਕਿ ਉਦਾਰਵਾਦੀ ਵਿਵਸਥਾ ਦੇ ਅੰਤਰਗਤ ਸਿੱਖਿਆ ਦੇ ਖੇਤਰ ਵਿੱਚ ਸਿਆਸਤ ਦਾ ਪ੍ਰਭਾਵ ਦਿਨੋ---ਦਿਨ ਗੂੜ੍ਹਾ ਹੁੰਦਾ ਜਾ ਰਿਹਾ ਹੈ। ਇਸ ਨਾਲ ਗਿਆਨ ਦੀ ਸਿਰਜਣਾ-ਪ੍ਰਕਿਆ ਤੇ ਨਾਹ-ਪੱਖੀ ਪ੍ਰਭਾਵ ਪੈ ਰਿਹਾ ਹੈ। ਡਾ. ਗੁਰਦਰਸ਼ਨ ਸਿੰਘ ਬਰਾੜ, ਐਡੀਸ਼ਨਲ ਡਾਇਰੈਕਟਰ, ਡਾਇਰੈਕਟੋਰੇਟ ਆਫ਼ ਪਬਲਿਕ ਇੰਸਟ੍ਰਕਸ਼ਨ ਨੇ ਅਧਿਆਪਕਾਂ ਨਾਲ ਸੰਵਾਦ ਰਚਾਂਦਿਆਂ ਕਿਹਾ ਕਿ ਅਧਿਆਪਕ, ਮਾਪਿਆਂ, ਸਰਕਾਰ, ਸਮਾਜ ਅਤੇ ਵਿਦਿਆਰਥੀ ਵਿੱਚ ਇੱਕ ਕੜੀ ਦਾ ਕੰਮ ਕਰਦਾ ਹੈ।

ਇਸ ਮਹੱਤਵਪੂਰਨ ਭੂਮਿਕਾ ਨੂੰ ਨਿਭਾਉਣ ਲਈ ਅਧਿਆਪਕਾਂ ਦਾ ਉੱਚ-ਸਿੱਖਿਆ ਦੇ ਮੂਲਭੂਤ ਉਦੇਸ਼ਾਂ, ਮੁੱਲਾਂ ਅਤੇ ਅਧਿਆਪਣ ਵਿਧੀਆਂ ਨਾਲ ਜੁੜਿਆ ਹੋਣਾ ਜ਼ਰੂਰੀ ਹੈ। ਇਸ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਕਾਲਜ ਦੀ ਸਾਰੀ ਫੈਕਲਟੀ ਨੇ ਹਿੱਸਾ ਲਿਆ।

ਜਲੰਧਰ 27 ਜੁਲਾਈ 2018 ਪੰਜਾਬੀ ਜਾਗਰਣ




ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਪ੍ਰੋਗਰਾਮ ਵਿਚ ਆਈਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਦੇ ਹੋਏ।

# ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਸਮਾਗਮ ਕਰਵਾਇਆ

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਦੇ ਇੰਟਰਨਲ ਕੁਆਲਿਟੀ ਐਸ਼ੋਰੈਂਸ ਸੈੱਲ ਵੱਲੋਂ ਯੂਜੀਸੀ ਦੇ ਸਹਿਯੋਗ ਨਾਲ 'ਕੰਟੈਂਪਰੇਰੀ ਇਸ਼ੂਜ਼ ਇਨ ਹਾਇਰ ਐਜੂਕੇਸ਼ਨ' ਵਿਸ਼ੇ 'ਤੇ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਅਜੋਕੇ ਦੌਰ ਵਿਚ ਉਚ-ਸਿੱਖਿਆ ਨੂੰ ਅਨੇਕਾ ਚੁਣੌਤੀਆਂ ਨਾਲ ਜੂਝਣਾ ਪੈ ਰਿਹਾ ਹੈ ਤੇ ਸਿੱਖਿਆ ਜਿੱਥੇ ਆਰਥਿਕ ਤੇ ਸਮਾਜਿਕ ਜ਼ਰੂਰਤਾਂ ਨੂੰ ਸੰਬੋਧਿਤ ਹੋਣ ਵਾਲੀ, ਨਵੀਆਂ ਤਕਨੀਕੀ ਕਾਢਾਂ 'ਤੇ ਅਧਾਰਿਤ ਤੇ ਸੰਚਾਰ-ਖੇਤਰ ਦੀਆਂ ਤਬਦੀਲੀਆਂ ਨਾਲ ਤਾਲਮੇਲ ਬਿਠਾ ਸਕਣ 'ਚ ਕਾਮਯਾਬ ਹੋਵੇ, ਉੱਥੇ ਹੀ ਇਸ ਦਾ ਅੰਤਿਮ ਟੀਚਾ ਆਲਮੀ ਸੂਝ ਵਾਲਾ ਜ਼ਿੰਮੇਵਾਰ ਨਾਗਰਿਕ ਪੈਦਾ ਕਰਨਾ ਹੈ। ਸੱਤ ਰੋਜ਼ਾ ਇਸ ਪ੍ਰੋਗਰਾਮ ਦੌਰਾਨ ਵੱਖ-ਵੱਖ ਯੂਨੀਵਰਸਿਟੀਆਂ ਤੇ ਸੰਸਥਾਵਾਂ ਤੋਂ ਆਏ ਵਿਸ਼ਾ ਮਾਹਿਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਟੀਆਈਈਟੀ ਤੋਂ ਡਾ. ਪ੍ਰਤੀਕ ਭਾਟੀਆ ਨੇ ਅਧਿਆਪਕਾਂ ਨਾਲ ਮਲਟੀਮੀਡੀਆ ਤੇ ਆਧੁਨਿਕ ਸੰਚਾਰ ਪ੍ਰਣਾਲੀਆਂ ਦੇ ਤਰੀਕੇ (ਫਲਿੱਪ-ਲਰਨਿੰਗ) ਨਾਲ ਪੜ੍ਹਾਉਣ ਬਾਰੇ ਚਰਚਾ ਕੀਤੀ। ਪ੍ਰੋਫੈਸਰ ਡਾ. ਕੁਲਦੀਪ ਪੁਰੀ ਨੇ ਮੌਜੂਦਾ ਸਿੱਖਿਆ ਪ੍ਰਣਾਲੀ 'ਚ ਔਟੋਨੌਮੀ ਅਰਥਾਤ ਸਵੈਨਿਰਭਰਤਾ ਨਾਲ ਜੁੜੀਆਂ ਮਿੱਥਾਂ ਤੇ ਸਿਆਸਤ 'ਤੇ ਚਾਨਣਾ ਪਾਇਆ। ਕਿਹਾ ਕਿ ਮਾਪਿਆਂ, ਸਰਕਾਰ, ਸਮਾਜ ਤੇ ਵਿਦਿਆਰਥੀ 'ਚ ਇੱਕ ਕੜੀ ਦਾ ਕੰਮ ਕਰਦਾ ਹੈ।

Daily Charhdikala, Patiala (Friday, 27 July 2018)

# ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਸੱਤ-ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਸਮਾਪਤ



ਪੱਤਰ ਪ੍ਰੇਰਕ

**ਪਟਿਆਲਾ, 26 ਜੁਲਾਈ:** ਸਥਾਨਕ ਮੁਲਤਾਨੀ ਮੱਲ ਕਾਲਜ, ਪਟਿਆਲਾ ਦੇ ਇੰਟਰਨਲ ਕੁਆਲਿਟੀ ਇਸ਼ੋਰੈਂਸ ਸੈੱਲ ਵੱਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ 'ਕੰਟੈਂਪਰੇਰੀ ਇਂਗਜ਼ ਇਨ ਹਾਇਰ ਐਜੂਕੇਸ਼ਨ' ਵਿਸ਼ੇ 'ਤੇ ਆਯੋਜਿਤ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅੱਜ ਸਮਾਪਤ ਹੋ ਗਿਆ। ਕਾਲਜ ਪ੍ਰਿੰਸੀਪਲ ਡਾ. ਖੁਵਿੰਦਰ ਕੁਮਾਰ ਨੇ ਇਸ ਮੌਕੇ 'ਤੇ ਬਾਹਰੋਂ ਆਏ ਰਿਸੋਰਸ ਪਰਸਨਜ਼ ਅਤੇ ਅਧਿਆਪਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਜੋਕੇ ਦੌਰ ਵਿੱਚ ਉਚ-ਸਿੱਖਿਆ ਨੂੰ ਅਨੇਕਾਂ ਚੁਣੌਤੀਆਂ ਨਾਲ ਜੂਝਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਉਚ-ਸਿੱਖਿਆ ਜਿੱਥੇ ਆਰਥਿਕ ਤੇ ਸਮਾਜਿਕ ਜ਼ਰੂਰਤਾਂ ਨੂੰ ਸੰਬੋਧਤ ਹੋਣ ਵਾਲੀ, ਨਵੀਆਂ ਤਕਨੀਕੀ ਕਾਢਾਂ 'ਤੇ ਆਧਾਰਿਤ ਅਤੇ ਸੰਚਾਰ-ਖੇਤਰ ਦੀਆਂ ਤਬਦੀਲੀਆਂ ਨਾਲ ਤਾਲਮੇਲ ਬਿਠਾ ਸਕਣ ਵਿੱਚ ਕਾਮਯਾਬ ਹੋਵੇ, ਉਥੇ ਇਸ ਦਾ ਅੰਤਿਮ ਟੀਚਾ ਆਲਮੀ ਸੂਝ ਵਾਲਾ ਜ਼ਿੰਮੇਵਾਰ ਨਾਗਰਿਕ ਪੈਦਾ ਕਰਨਾ ਹੈ। ਸੱਤ ਰੋਜ਼ਾ ਇਸ ਪ੍ਰੋਗਰਾਮ ਦੌਰਾਨ ਵੱਖੋ-ਵੱਖਰੀਆਂ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਤੋਂ ਆਏ ਵਿਸ਼ਾ-ਮਾਹਿਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਪ੍ਰਤੀਕ ਭਾਟੀਆ, ਐਸੋਸੀਏਟ ਪ੍ਰੋਫੈਸਰ, ਕੰਪਿਊਟਰ ਅਤੇ ਇੰਜੀਨੀਅਰਿੰਗ ਵਿਭਾਗ, ਟੀ.ਆਈ.ਈ.ਟੀ. ਪਟਿਆਲਾ ਨੇ ਅਧਿਆਪਕਾਂ ਨਾਲ ਮਲਟੀਮੀਡੀਆ ਅਤੇ ਆਧੁਨਿਕ ਸੰਚਾਰ ਪ੍ਰਣਾਲੀਆਂ ਦੇ ਤਰੀਕੇ (ਫਲਿੱਪ-ਲਰਨਿੰਗ) ਨਾਲ ਪੜ੍ਹਾਉਣ ਬਾਰੇ ਚਰਚਾ ਕੀਤੀ। ਡਾ. ਕੁਲਦੀਪ ਪੁਰੀ, ਪ੍ਰੋਫੈਸਰ, ਯੂਨੀਵਰਸਿਟੀ ਸਕੂਲ ਆਫ਼ ਓਪਨ ਲਰਨਿੰਗ ਨੇ ਮੌਜੂਦਾ ਸਿੱਖਿਆ ਪ੍ਰਣਾਲੀ ਵਿੱਚ 'ਔਟੋਨੌਮੀ ਅਰਥਾਤ ਸਵੈ-ਨਿਰਭਰਤਾ' ਨਾਲ ਜੁੜੀਆਂ ਮਿੱਥਾਂ, ਸਿਆਸਤ ਅਤੇ ਨਕਸ਼ਿਆਂ 'ਤੇ ਚਾਨਣਾ ਪਾਇਆ। ਡਾ. ਆਸ਼ੂਤੋਸ਼ ਕੁਮਾਰ, ਡਾਇਰੈਕਟਰ ਯੂ.ਜੀ.ਸੀ.- ਐਚ.ਆਰ.ਡੀ.ਸੀ., ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਸਿੱਖਿਆ ਨੀਤੀਆਂ 'ਤੇ ਚਰਚਾ ਕਰਦਿਆਂ ਕਿਹਾ ਕਿ ਉਦਾਰਵਾਦੀ ਵਿਵਸਥਾ ਦੇ ਅੰਤਰਗਤ ਸਿੱਖਿਆ ਦੇ ਖੇਤਰ ਵਿੱਚ ਸਿਆਸਤ ਦਾ ਪ੍ਰਭਾਵ ਦਿਨੋਂ-ਦਿਨ ਗੂੜ੍ਹਾ ਹੁੰਦਾ ਜਾ ਰਿਹਾ ਹੈ। ਇਸ ਨਾਲ ਗਿਆਨ ਦੀ ਸਿਰਜਣਾ-ਪ੍ਰਕਿਆ 'ਤੇ ਨਾਂਹ-ਪੱਖੀ ਪ੍ਰਭਾਵ ਪੈ ਰਿਹਾ ਹੈ। ਡਾ. ਗੁਰਦਰਸ਼ਨ ਸਿੰਘ ਬਰਾੜ, ਐਡੀਸ਼ਨਲ ਡਾਇਰੈਕਟਰ, ਡਾਇਰੈਕਟੋਰੇਟ ਆਫ਼ ਪਬਲਿਕ ਇੰਸਟ੍ਰਕਸ਼ਨ ਨੇ ਅਧਿਆਪਕਾਂ ਨਾਲ ਸੰਵਾਦ ਰਚਾਂਦਿਆਂ ਕਿਹਾ ਕਿ ਅਧਿਆਪਕ, ਮਾਪਿਆਂ, ਸਰਕਾਰ, ਸਮਾਜ ਅਤੇ ਵਿਦਿਆਰਥੀ ਵਿੱਚ ਇੱਕ ਕੜੀ ਦਾ ਕੰਮ ਕਰਦਾ ਹੈ।